# ਕਾਨੂੰਨ ਵਿਭਾਗ
## ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ:            /ਕਾਨੂੰਨ
ਮਿਤੀ: 26-06-2024

ਕਾਨੂੰਨ ਵਿਭਾਗ ਵਿੱਚ ਸੈਸ਼ਨ 2024-2025 ਲਈ ਐਲ.ਐਲ.ਐਮ (ਦੋ ਸਾਲਾ ਕੋਰਸ-ਸਵੇਰ ਦੀ ਸ਼ਿਫਟ), ਐਲ.ਐਲ.ਐਮ (ਇਕ ਸਾਲਾ ਕੋਰਸ-ਦੂਸਰੀ ਸ਼ਿਫਟ) ਅਤੇ ਐਲ.ਐਲ.ਬੀ (ਤਿੰਨ ਸਾਲਾ ਕੋਰਸ-ਸਵੇਰ ਅਤੇ ਦੂਸਰੀ ਸ਼ਿਫਟ) ਦੇ ਵਿਸ਼ਿਆਂ ਨੂੰ ਪੜ੍ਹਾਉਣ ਲਈ 15 ਗੈਸਟ ਫੈਕਲਟੀ (ਲੈਕਚਰ ਆਧਾਰ ਤੇ) ਅਧਿਆਪਕਾਂ ਦੀ ਜਰੂਰਤ ਹੈ। ਇਹਨਾਂ ਗੈਸਟ ਫੈਕਲਟੀ ਅਧਿਆਪਕਾਂ ਦੀ ਨਿਯੁਕਤੀ ਨਿਮਨ ਲਿਖਤ ਸ਼ਰਤਾਂ ਦੇ ਅਧਾਰ ਤੇ ਕੀਤੀ ਜਾਣੀ ਹੈ:

1. ਉਮੀਦਵਾਰ ਯੂ.ਜੀ.ਸੀ 2018 ਗਾਈਡਲਾਈਨਜ਼ ਅਨੁਸਾਰ ਅਸਿਸਟੈਂਟ ਪ੍ਰੋਫੈਸਰ ਦੀਆਂ ਯੋਗਤਾਵਾਂ ਪੂਰਾ ਕਰਦਾ ਹੋਵੇ।
2. ਗੈਸਟ ਫੈਕਲਟੀ ਅਧਿਆਪਕਾਂ ਦੀ ਨਿਯੁਕਤੀ ਦੀ ਅਵਧੀ ਅਕਾਦਮਿਕ ਕੈਲੰਡਰ ਅਨੁਸਾਰ 22.07.2024 ਤੋਂ ਮਈ 2025 ਤੱਕ ਹੀ ਹੋਵੇਗੀ।
3. ਗੈਸਟ ਫੈਕਲਟੀ ਅਧਿਆਪਕਾਂ ਨੂੰ ਅਧਿਆਪਨ ਕਾਰਜ ਦੀ ਅਦਾਇਗੀ ਯੂਨੀਵਰਸਿਟੀ ਨਿਯਮਾਂ ਅਨੁਸਾਰ 750 ਰੁਪਏ ਪ੍ਰਤੀ ਲੈਕਚਰ (ਮਹੀਨੇ ਦੇ ਵੱਧ ਤੋਂ ਵੱਧ 35000 ਰੁਪਏ) ਹੋਵੇਗੀ।
4. ਗੈਸਟ ਫੈਕਲਟੀ ਅਧਿਆਪਕਾਂ ਨੂੰ ਕਲਾਸਾਂ ਲਗਾਉਣ ਤੋਂ ਇਲਾਵਾ ਵਿਭਾਗ ਦੇ ਹੋਰ ਅਕਾਦਮਿਕ ਕੰਮ ਵੀ ਸੌਂਪੇ ਜਾ ਸਕਦੇ ਹਨ।
5. ਗੈਸਟ ਫੈਕਲਟੀ ਅਧਿਆਪਕਾਂ ਨੂੰ ਇੰਟਰਨਲ ਪ੍ਰੀਖਿਆਵਾਂ ਅਤੇ ਫਾਈਨਲ ਪ੍ਰੀਖਿਆਵਾਂ ਵਿੱਚ ਡਿਊਟੀ ਦੇਣ, ਇੰਟਰਨਲ ਅਸੈਸਮੈਂਟ ਅਤੇ ਹੋਮ ਅਸਾਈਨਮੈਂਟ ਚੈੱਕ ਕਰਨ ਦਾ ਕੰਮ ਅਤੇ ਪ੍ਰੀਖਿਆਵਾਂ ਨਾਲ ਸੰਬੰਧਿਤ ਹੋਰ ਕੰਮ ਵੀ ਕਰਨਾ ਹੋਵੇਗਾ।
6. ਅਸਾਮੀ ਭਰਨ ਜਾਂ ਨਾ ਭਰਨ ਅਤੇ ਸਿਰਫ ਚੋਣਵੇ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਉਣ ਦਾ ਹੱਕ ਕੇਵਲ ਡੀਨ, **ਫੈਕਲਟੀ ਆਫ ਲਾਅ** ਕੋਲ ਰਾਖਵਾਂ ਹੈ। ਅਸਾਮੀਆਂ ਦੀ ਗਿਣਤੀ ਘਟਾਈ ਵਧਾਈ ਜਾ ਸਕਦੀ ਹੈ।

ਗੈਸਟ ਫੈਕਲਟੀ (ਲੈਕਚਰ ਅਧਾਰ ਤੇ) ਅਸਾਮੀਆਂ ਲਈ ਜਿਹੜੇ ਉਮੀਦਵਾਰ ਅਪਲਾਈ ਕਰਨਾ ਚਾਹੁੰਦੇ ਹਨ ਉਹ ਮਿਤੀ 09.07.2024 ਨੂੰ ਸ਼ਾਮ 5 ਵਜੇ ਤੱਕ ਆਪਣੇ ਬੇਨਤੀ ਪੱਤਰ (ਸੈਲਫ ਅਟੈਸਟਡ ਦਸਤਾਵੇਜ ਨਾਲ ਨੱਥੀ ਕਰਕੇ) ਮੁਖੀ, ਕਾਨੂੰਨ ਵਿਭਾਗ (ਬਲਾਕ ਨੰ: 6), ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਦੇਣ।

ਪ੍ਰੋਫੈਸਰ ਤੇ ਮੁਖੀ

Professor and Head
Department of Law,
Punjabi University, Patiala